WorkSafeBC | ਨਿਊਜ਼ ਰੀਲੀਜ਼

# ਤਿਲਕਣਾ, ਲੜਖੜਾਉਣਾ ਅਤੇ ਡਿੱਗਣਾ ਕੰਮ ਵਾਲੀ ਥਾਂ 'ਤੇ ਵਾਪਰਨ ਵਾਲੀਆਂ ਸਭ ਤੋਂ ਮਹਿੰਗੀਆਂ ਘਟਨਾਵਾਂ ਹਨ: WorkSafeBC (ਵਰਕਸੇਫ ਬੀ.ਸੀ.)

## Slips, trips, and falls are B.C.'s costliest workplace incidents: WorkSafeBC

*ਹਰ ਸਾਲ, ਲਗਭਗ 7,000 ਕਾਮੇ ਤਿਲਕਣ, ਲੜਖੜਾਉਣ ਅਤੇ ਡਿੱਗਣ ਕਾਰਣ ਫੱਟੜ ਹੁੰਦੇ ਹਨ*

**ਰਿੱਚਮੰਡ, ਬੀ.ਸੀ. (ਅਕਤੂਬਰ 24, 2023) -** WorkSafeBC (ਵਰਕਸੇਫ ਬੀ.ਸੀ.) ਕੰਮ ਮਾਲਕਾਂ ਅਤੇ ਕਾਮਿਆਂ ਨੂੰ ਅਪੀਲ ਕਰ ਰਿਹਾ ਹੈ ਕਿ ਉਹ ਕੰਮ ਵਾਲੀ ਥਾਂ 'ਤੇ ਤਿਲਕਣ, ਲੜਖੜਾਉਣ ਅਤੇ ਡਿੱਗਣ ਨਾਲ ਸੰਬੰਧਤ ਖ਼ਤਰਿਆਂ ਦਾ ਪ੍ਰਬੰਧਨ ਕਰਨ।

ਹਰ ਸਾਲ, ਕੰਮ ਵਾਲੀ ਥਾਂ ਵਿਖੇ ਲੱਗਣ ਵਾਲੀਆਂ ਲਗਭਗ 20 ਫੀ ਸਦੀ ਸੱਟਾਂ ਤਿਲਕਣ, ਲੜਖੜਾਉਣ ਅਤੇ ਡਿੱਗਣ ਨਾਲ ਸੰਬੰਧਤ ਹੁੰਦੀਆਂ ਹਨ। ਪਿਛਲੇ ਛੇ ਸਾਲਾਂ ਦੌਰਾਨ, ਬੀ.ਸੀ. ਵਿੱਚ ਲਗਭਗ 41,000 ਕਾਮਿਆਂ ਨੂੰ ਤਿਲਕਣ-ਲੜਖੜਾਉਣ-ਅਤੇ-ਡਿੱਗਣ ਕਾਰਣ ਸੱਟਾਂ ਲੱਗੀਆਂ ਹਨ, ਜਿਨ੍ਹਾਂ ਵਿੱਚ ਹੱਡੀ ਟੁੱਟਣੀ, ਮੋਚ ਆਉਣੀ ਅਤੇ ਜੋੜ ਉੱਤਰਨਾ ਸ਼ਾਮਲ ਹਨ।

ਤਿਲਕਣਾ, ਲੜਖੜਾਉਣਾ ਅਤੇ ਡਿੱਗਣਾ ਕੰਮ ਵਾਲੀਆਂ ਥਾਂ ਵਿਖੇ ਵਾਪਰਨ ਵਾਲੀਆਂ ਸਭ ਤੋਂ ਮਹਿੰਗੀਆਂ ਘਟਨਾਵਾਂ ਹਨ ਅਤੇ ਆਮ ਉਤਪਾਦਕਤਾ ਦੇ ਨੁਕਸਾਨ ਦੇ ਸਭ ਤੋਂ ਵੱਡੇ ਕਾਰਣਾਂ ਵਿੱਚ ਸ਼ਾਮਲ ਹਨ। ਤਿਲਕਣ, ਲੜਖੜਾਉਣ ਅਤੇ ਡਿੱਗਣ ਕਾਰਣ ਲੱਗੀਆਂ ਸੱਟਾਂ ਕਰਕੇ ਬੀ.ਸੀ. ਦੇ ਕਾਰੋਬਾਰਾਂ ਨੂੰ ਹਰ ਸਾਲ ਔਸਤ 440,000 ਕੰਮ-ਕਾਜੀ ਦਿਨਾਂ ਅਤੇ ਕਲੇਮ ਸੰਬੰਧੀ ਲਾਗਤਾਂ ਵਿੱਚ $148 ਮਿਲੀਅਨ ਤੋਂ ਵੀ ਵੱਧ ਦਾ ਨੁਕਸਾਨ ਹੁੰਦਾ ਹੈ। ਸਭ ਤੋਂ ਵੱਧ ਪ੍ਰਭਾਵਿਤ ਖੇਤਰਾਂ ਵਿੱਚ ਸਿਹਤ ਸੰਭਾਲ ਅਤੇ ਸਮਾਜਿਕ ਸੇਵਾਵਾਂ, ਉਸਾਰੀ, ਸੇਵਾ ਖੇਤਰ ਅਤੇ ਉਤਪਾਦਨ ਸ਼ਾਮਲ ਹਨ।

WorkSafeBC ਵਿਖੇ ਪ੍ਰੀਵੈਨਸ਼ਨ ਫੀਲਡ ਸਰਵਿਸਿਜ਼ ਦੇ ਸੀਨੀਅਰ ਮੈਨੇਜਰ ਬੈਰੀ ਨਕਾਹਾਰਾ ਕਹਿੰਦੇ ਹਨ, "ਤਿਲਕਣ, ਲੜਖੜਾਉਣ ਅਤੇ ਡਿੱਗਣ ਕਾਰਣ ਗੰਭੀਰ ਸੱਟਾਂ ਲੱਗ ਸਕਦੀਆਂ ਹਨ ਜੋ ਕਾਮਿਆਂ ਅਤੇ ਕਾਰੋਬਾਰਾਂ ਦੋਵਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਚੰਗੀ ਖ਼ਬਰ ਇਹ ਹੈ ਕਿ ਤਿਲਕਣ, ਲੜਖੜਾਉਣ ਅਤੇ ਡਿੱਗਣ ਕਾਰਣ ਲੱਗਣ ਵਾਲੀਆਂ ਬਹੁਤੀਆਂ ਘਟਨਾਵਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ – ਅਤੇ ਬੁਨਿਆਦੀ ਸਾਵਧਾਨੀਆਂ ਆਸਾਨ ਅਤੇ ਕਿਫਾਇਤੀ ਹਨ।"

ਕੰਮ ਵਾਲੀ ਥਾਂ 'ਤੇ ਤਿਲਕਣ, ਲੜਖੜਾਉਣ ਅਤੇ ਡਿੱਗਣ ਕਾਰਣ ਲੱਗਣ ਵਾਲੀਆਂ ਸੱਟਾਂ ਦੀ ਰੋਕਥਾਮ ਦਾ ਸਭ ਤੋਂ ਸੌਖਾ ਤਰੀਕਾ ਹੈ ਜੋਖਮ ਦਾ ਪ੍ਰਬੰਧਨ ਕਰਨ ਵਾਲੀ ਇੱਕ ਅਜਿਹੀ ਯੋਜਨਾ ਤਿਆਰ ਅਤੇ ਲਾਗੂ ਕਰਨਾ ਜੋ ਸਥਾਪਤ ਨਿਯੰਤ੍ਰਣ ਦਰਜਾਬੰਦੀ ਦੀ ਵਰਤੋਂ ਕਰਕੇ ਨਿਯੰਤ੍ਰਣਾਂ ਦੀ ਪਛਾਣ ਅਤੇ ਮੁਲਾਂਕਣ ਕਰਦੀ ਹੈ ਅਤੇ ਸੁਰੱਖਿਆ ਨੂੰ ਦਰਪੇਸ਼ ਖ਼ਤਰਿਆਂ ਅਤੇ ਨੋਖਮਾਂ ਦੀ ਨਿਗਰਾਨੀ ਕਰਦੀ ਹੈ।

ਕੁਝ ਉਦਾਹਰਣ ਹਨ:

- ਬਿਜਲੀ ਦੀਆਂ ਤਾਰਾਂ, ਫੀਤੇ ਅਤੇ ਨਲੀਆਂ ਨੂੰ ਅਜਿਹੀ ਥਾਂ 'ਤੇ ਲਗਾਓ ਜਿੱਥੇ ਇਨ੍ਹਾਂ ਕਾਰਣ ਕਿਸੇ ਦੇ ਡਿੱਗਣ ਦਾ ਖ਼ਤਰਾ ਨਹੀਂ ਹੋਵੇਗਾ।
- ਉਪਕਰਣਾਂ ਤੋਂ ਨਿਕਲੇ ਦੂਸ਼ਿਤ ਪਦਾਰਥਾਂ ਨੂੰ ਫਰਸ਼ 'ਤੇ ਫੈਲਣ ਤੋਂ ਰੋਕਣ ਲਈ ਕਵਰ, ਡ੍ਰਿਪ ਪੈਨ, ਕੰਟੇਨਰ, ਜਾਂ ਕੰਟੇਨਮੈਂਟ ਰੂਮ ਸਥਾਪਤ ਕਰੋ।
- ਇਹ ਯਕੀਨੀ ਬਣਾਓ ਕਿ ਸਾਰੇ ਔਜ਼ਾਰ, ਸਾਜ਼ੋ-ਸਾਮਾਨ ਅਤੇ ਸਮੱਗਰੀਆਂ ਆਪੋ-ਆਪਣੀਆਂ ਨਿਰਧਾਰਤ ਥਾਵਾਂ 'ਤੇ ਸਟੋਰ ਕੀਤੀਆਂ ਜਾਂਦੀਆਂ ਹਨ।
- ਕੰਮ ਵਾਲੀ ਥਾਂ 'ਤੇ ਤਿਲਕਣ ਅਤੇ ਲੜਖੜਾਉਣ ਦੇ ਖ਼ਤਰਿਆਂ ਦੇ ਅਧਾਰ 'ਤੇ ਕਾਮਿਆਂ ਵੱਲੋਂ ਪਹਿਨੀ ਜਾਣ ਵਾਲੀ ਜੁੱਤੀ ਦੀ ਸਹੀ ਕਿਸਮ ਨਿਰਧਾਰਤ ਕਰੋ।

WorkSafeBC ਵੱਲੋਂ ਕੰਮ ਮਾਲਕਾਂ ਨੂੰ ਹੱਲਾਸ਼ੇਰੀ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਕਾਮਿਆਂ ਅਤੇ ਸਿਹਤ ਅਤੇ ਸੁਰੱਖਿਆ ਸੰਬੰਧੀ ਸਾਂਝੀਆਂ ਕਮੇਟੀਆਂ ਨੂੰ ਪ੍ਰਕ੍ਰਿਆ ਦੀ ਸ਼ੁਰੂਆਤ ਤੋਂ ਹੀ ਸ਼ਾਮਲ ਕਰਨ।

ਇਹ ਯਾਦ ਰੱਖਣਾ ਮਹੱਤਵਪੂਰਣ ਹੈ ਕਿ ਸਰਦੀਆਂ ਦੇ ਮਹੀਨਿਆਂ ਦੌਰਾਨ ਬਰਫੀਲੇ ਅਤੇ ਗਿੱਲੇ ਹਾਲਾਤ ਕਾਰਣ ਤਿਲਕਣ, ਲੜਖੜਾਉਣ ਅਤੇ ਡਿੱਗਣ ਕਾਰਣ ਲੱਗਣ ਵਾਲੀਆਂ ਸੱਟਾਂ ਵਿੱਚ 11 ਫੀ ਸਦੀ ਵਾਧਾ ਹੁੰਦਾ ਹੈ। ਨਾਕਾਹਾਰਾ ਧਿਆਨ ਦਵਾਉਂਦੇ ਹਨ ਕਿ ਕੰਮ ਵਾਲੀ ਥਾਂ 'ਤੇ ਬਦਲਦੇ ਹਾਲਾਤ – ਜਿਨ੍ਹਾਂ ਵਿੱਚ ਮੌਸਮ ਵਿੱਚ ਆਉਣ ਵਾਲੀ ਤਬਦੀਲੀਆਂ ਵੀ ਸ਼ਾਮਲ ਹਨ – ਦਾ ਮਤਲਬ ਹੈ ਕਿ ਜੋਖਮਾਂ ਸੰਬੰਧੀ ਮੁਲਾਂਕਣਾਂ ਬਾਰੇ ਸਮੇਂ-ਸਮੇਂ ਸਿਰ ਦੁਬਾਰਾ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

**ਵਸੀਲੇ**
**Resources**

- ਤਿਲਕਣਾ, ਲੜਖੜਾਉਣਾ ਅਤੇ ਡਿੱਗਣਾ – WorkSafeBC
- ਕੰਮ ਵਾਲੀ ਥਾਂ 'ਤੇ ਤਿਲਕਣ, ਲੜਖੜਾਉਣ ਅਤੇ ਡਿੱਗਣ ਤੋਂ ਬਚਾਅ ਕਰਨਾ (ਮੈਨੂਅਲ)
- ਰਸੋਈ ਵਿੱਚ ਸੁਰੱਖਿਆ: ਤਿਲਕਣ, ਲੜਖੜਾਉਣ ਅਤੇ ਡਿੱਗਣ ਤੋਂ ਬਚਾਅ ਕਰਨਾ | WorkSafeBC

-30-

**WorkSafeBC ਬਾਰੇ**
**About WorkSafeBC**

*WorkSafeBC ਬ੍ਰਿਟਿਸ਼ ਕੋਲੰਬੀਆ ਵਿੱਚ ਸੱਟ, ਬਿਮਾਰੀ, ਅਤੇ ਅਪੰਗਤਾ ਦੀ ਰੋਕਥਾਮ ਕਰਨ ਲਈ ਕਾਮਿਆਂ ਅਤੇ ਕੰਮ-ਮਾਲਕਾਂ ਨਾਲ ਤਾਲਮੇਲ ਕਰਦੀ ਹੈ। ਜਦੋਂ ਕੰਮ ਨਾਲ ਸੰਬੰਧਤ ਸੱਟਾਂ ਜਾਂ ਬਿਮਾਰੀਆਂ ਵਾਪਰਦੀਆਂ ਹਨ, ਉਦੋਂ WorkSafeBC ਲੋਕਾਂ ਨੂੰ ਮੁਆਵਜ਼ਾ ਦਿੰਦੀ ਹੈ ਅਤੇ ਉਨ੍ਹਾਂ ਦੀ ਮੁੜ-ਸਿਹਤਯਾਬੀ, ਮੁੜ-ਵਸੇਬੇ, ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਵਿੱਚ ਸਹਾਇਤਾ ਪ੍ਰਦਾਨ ਕਰਾਉਂਦੀ ਹੈ। ਅਸੀਂ ਸਾਰੇ ਬ੍ਰਿਟਿਸ਼ ਕੋਲੰਬੀਆ ਵਿੱਚ 2.6 ਮਿਲੀਅਨ ਕਾਮਿਆਂ ਅਤੇ 270,000 ਰੁਜ਼ਗਾਰਦਾਤਾਵਾਂ ਨੂੰ ਸੇਵਾਵਾਂ ਦਿੰਦੇ ਹਾਂ।*

**ਵਧੇਰੇ ਜਾਣਕਾਰੀ ਲਈ, ਸੰਪਰਕ ਕਰੋ:**

ਮੀਡੀਆ ਰਿਲੇਸ਼ਨਜ਼, WorkSafeBC
ਈਮੇਲ: media@worksafebc.com
ਫੋਨ: 604-276-5157